# ਪਰੇਮ ਪੁਸ਼ਪ

ਨਾਮਧਾਰੀ ਕਵੀ ਮੰਡਲ
ਬੈਂਕੌਕ



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ਓ ਸ੍ਰੀ ਸਤਿ ਗੁਰੂ ਰਾਮ ਸਿੰਘ ਜੀ ਸਹਾਇ

[illegible] ਸਿੰਘ ਜੀ ਦੇ ਸਤਿਗੁਰੂ ਸੈਂ ਪਾਹਿਲ [illegible]

ਸਤਿਗੁਰ ਦਾ [illegible]



# [illegible] ਪ੍ਰਸ਼ਨ

ਭੇਟਾ

ਸ੍ਰੀ ਹਜ਼ੂਰ ਸ੍ਰੀ ੧੦੮ ਅਨਥ ਪ੍ਰਤਾਪੀ

ਸ੍ਰੀ

ਸਤਿ ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ

ਵਲੋਂ

ਨਾਮਧਾਰੀ ਕਵੀ ਮੰਡਲ

[illegible] (ਜਿਆਮ)



# ਸ੍ਰੀ ਹਜ਼ੂਰ ਸ੍ਰੀ ੧੦੮ ਅਟਲ ਪ੍ਰਤਾਪੀ
# ਸ੍ਰੀ
# ਸਤਿਗੁਰੂ ਪ੍ਰਤਾਪਸਿੰਘ ਜੀ ਮਹਾਰਾਜ

# ਮੁੱਖ-ਬੰਦ

ਸੈਂਕੜਾਂ ਵਾਰ ਸਦੇ ਪਾਤਸ਼ਾਹ ਸ੍ਰੀ ਹਜ਼ੂਰ ੧੦੮ ਅਟਲ ਪੁਰਖੀ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਦੇ. ਚੌਰੇਕ.
(ਸਿਆਲ ! ਪਰਵਾਰ ਦੀ ਖੁਸ਼ੀ ਵਿਚ ਛੋਟੇ ਇਕ ਵਿਕਤੀ ਤੋਂਗ
ਨਾਲ ਪ੍ਰਤ "ਪ੍ਰੇਮ ਪ੍ਰਕਾਸ਼" ਛੋਟਾ ਜਿਹਾ ਟ੍ਰੈਕਟ "ਸ੍ਰੀ" ਜੀ
ਦੇ ਚਰਨ ਕਮਲਾਂ ਵਿਚ ਚੜ੍ਹੀ ਨਿਮਰਤਾ ਸਹਿਤ ਅਧੀਨਾਪ-
-ਧਾਰੀ ਕਵਿ ਮੰਡਲ ਵੱਲੋਂ ਭੇਟਾ ਕਰਦੇ ਹੋਏ ਅਰਜ਼ ਕਰਦੇ ਹਾਂ

"ਪ੍ਰੇਮ ਪ੍ਰਕਾਸ਼" ਦੇ ਅੱਖਰ ਕਠੇ ਕਿਤੀ ਵਲਵਲੇ ਕੀਤੇ,
ਸੁੰਦਰ ਫੁੱਲ ਕਵੀਆਂ ਦੇ ਪਾਜੋਂ ਨਾਲ ਕਠਨਤਾ ਲੀਤੇ ।।
ਸ਼੍ਰਿਧਿਆ ਹਾਰ ਨਾਲ ਪਾਤਸ਼ਾਹ ਦੇ "ਸ੍ਰੀ" ਜੀ ਅੱਗੇ ਧਰਦੇ,
ਭੇਟਾ ਕਰੋ ਪ੍ਰਵਾਨ ਅਸਾਂ ਦੀ ਇਹ ਬਿਨੈ ਹੈ ਕਰਦੇ ।।

ਇਸ ਮੌਕਿਆ ਤੇ ਇਕ ਸ਼ਾਨਦਾਰ ਇਜਲਾਸ ਕਰਾਕੇ ਭਰੇ
ਉਸ ਕਵੀ ਦੇ ਸੋਧ ਪਤੇ ਦੇ ਨਾਲ ਦੇਣ ਕਰ ਦੇਣ ਵਾਲੀਆਂ
ਗੁੰਦਤਾਵਾਂ ਜੋਗ ਸਨ, ਅਸੀਂ ਇਸ ਗੱਲ ਨੂੰ ਅਨੁਭਵ ਕਰਦੇ
ਹਾਂ ਪਰ ਕੇ ਸਾਨੂੰ ਇਹ ਵਸਨ ਪ੍ਰੇਰ ਦੀ ਤੇ ਵੀ ਹਰਜ ਨਹੀਂ ਕੇ ਸਾਡੇ
ਪਾਸੋਂ ਕੋਈ ਭੁੱਲ ਚੁੱਕ ਹੋਈ ਹੋਵੇ ਤਾਂ ਮੁਆਫੀ ਕਰਨ ਵਾਲ ਪ੍ਰੇਮੀ ਦੀ ਹੋਣੀ

ਅਤੇ ਸਾਂਝੀ ਇਕ ਸਾਰੇ ਮਿਲਾਪ ਰਾਜ ਅੰਦਰ ਹੋਣੀ ਦੇਸੀ ਪ੍ਰੇਮ.
ਨਾਮਧਾਰੀ ਪੰਥ ਦੀ ਨਿਰਾਲੀ ਸ਼ਾਨ ਸੰਗਤ ਦੇ ਦਿਲਾਂ ਵਿਚ ਇਤਨਾ
ਕੁ ਉਤਸ਼ਾਹ ਅਤੇ ਪ੍ਰੇਮ ਭਰ ਗਿਆ ਹੈ, ਜਿਸ ਦਾ ਬਯਾਨ.
ਚੰਦ ਸ਼ਬਦਾਂ ਵਿਚ ਮੁਮਕਿਨ ਨਹੀਂ, ਠੀਕ ਨਹੀਂ, ਅਤੇ ਨਾਹੀ
ਮਾਮੂਲੀ ਗੱਲ, ਕੌਣ ਲਿਖ ਸਕਦਾ ਹੈ? ਕੇ ਸੰਗਤ ਦੇ ਦਿਲਾਂ
ਵਿਚ ਅਜ ਪ੍ਰੇਮ ਲਹਿਰਾਂ ਕਿੰਵੇ ਉੱਠਾਂ ਤੇ ਹਨ,

ਸ਼ੁਕਰ ਨਾ ਦੁਨੀਆਂ ਅੰਦਰ ਅੱਜ ਹੈ ਅਜਬ ਰੌਣਕ ਛਾਈ ॥
ਇਕ ਤੂੰ ਗਮ ਆਸ਼ਕਾਂ ਦੇ ਨੇ ਪੂਰਬ ਜੋਗ ਜਿਸ ਪਾਈ ॥
ਕਿਉਂ ਕਿ ਪ੍ਰੇਮੀ ਹੱਸਣ ਜੋ ਰੋਵਨ ਦੁਨੀਆਂ ਤੋਂ ਨਿਆਰੇ ॥
ਇਨੇ ਆਰਾਮ ਚੈਨ ਨਾਲ ਰਾਤੀਂ ਗਿਣਤੀ ਕਰਦੇ ਤਾਰੇ ॥

ਇਹ ਦਿਨਾਂ ਤੇ ਘੜੀਆਂ ਤੇ ਮੁਦਤਾਂ ਤੋਂ ਆਸਾਂ ਲਗਾਈਆਂ ਸਨ,
ਸਤਿਗੁਰੂ ਮਿਲਾਪ ਦੀਆਂ ਦਿਲਾਂ ਵਿਚ ਤੀਬਰ ਇੱਛਾਂ ਸਨ,
ਉਹ ਘੜੀ ਇਕ ਪਲ ਵਿਚ ਹੀ, ਜੋ ਹਜ਼ਾਰਾਂ ਵਰ੍ਹੇ ਦੀ ਸਤਿਗੁਰ
ਦਰਸਨ ਲਈ ਤਰਸਦਿਆਂ ਨੂੰ ਹੋਵੇ, ਹਾਂ! ਜੀ, ਉਹ ਘੜੀ
ਏਹੀ ਪਰਮ ਪਵਿੱਤਰ ਜੀ ਜੋ ਸ੍ਰੀ ਹਜ਼ੂਰ ੧੦੮ ਸ੍ਰੀ ਅਵਤਾਰ
ਪ੍ਰਤਾਪੀ ਸਤਿਗੁਰੂ ਜੀ ਦੇ ਪਾਵਨ ਚਰਨਾਂ ਦੀ ਧੂੜ ਨਸੀਬ ਹੋਵੇ
ਸਦਾ ਸਾਥੀਆਂ ਦੇ ਮੂੰਹੋਂ ਇਹੋ ਉਚਾਰਣ ਹੋਣਾ ਕਰਦਾ ਸੀ

ਜਿਵੇਂ ਪ੍ਰੇਮੀ ਭਗਤ ਮੀਰਾਂ ਬਾਈ ਜੀ ਸ੍ਰੀ ਕ੍ਰਿਸ਼ਨ ਮਹਾਰਾਜ ਜੀ
ਦੇ ਪਵਿੱਤ੍ਰ ਦਰਸ਼ਨ ਲਈ ਕੀਰਤਨ ਗਾਇਆ ਕਰਦੀ ਸੀ,

ਜਿਤੁ ਜਾਵੇ ਤਿਤੁ ਲੀਜੈ ਸਾਜਨ ਜਿਤੁ ਜਾਵੇ ਤਿਤੁ ਦੀਜੈ,
ਤਨ ਮਨ ਧਨ ਮੇਰੋ ਸਭ ਤੇਰੋ ਕ੍ਰਿਪਾ ਰਾਵਲੀ ਕੀਜੈ,
ਬਾਸਰ ਭੂਖ ਨ ਰੈਨ ਨ ਨਿੰਦ੍ਰਾ ਨਿਰਤਨ ਪਲ ਪਲ ਛੀਜੈ,
ਮੀਰਾਂ ਪ੍ਰਭੂ ਗਿਰਧਰ ਨਾਗਰ ਮਿਲ ਬਿਛੁੜਨ ਮਤ ਕੀਜੇ॥

ਕਿਤੀ ਸ਼ਰਮਾ ਜੀ, ਇਵੇਂ ਸਾਡੀ ਅਰਦਾਸ ਵਿਚ ਪਈ ਹੋਈ ਇਕ ਲਾਜ ਕੀਤਿਆਂ ਦਾ ਮਾਲ ਤ੍ਰਿਪਿਆਂ ਹੋਣਾਂ ਦੀ ਪ੍ਰੇਮ ਭਗਤ ਉਪਾਸਕ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੇ ਪਾਵਨ ਦਰਸ਼ਨ ਵਾਸਤੇ ਤਰਸੇ ਕਰਦੀ ਹੈ॥

ਇਹ ਕਿਸੇ ਦੇ ਵਸ ਨਹੀਂ, ਕਿਸੇ ਦੇ ਅਧੀਨ ਨਹੀਂ, ਅਤੇ ਨਹੀਂ ਕੋਈ ਮਾਣ ਵਾਲੀ ਗਲ, ਜੇਹੇ ਪਿਆਸੇ ਚੰਨ ਵੇਖਣੀ ਦੇ ਵਾਲੀ, ਜਿਹਨ ਸ਼ਾਹ ਦੇ ਦਰਸ਼ਨ ਦੀ ਖਿੱਚ ਹੋਵੇ ਤਾਂ ਸਭ ਕੁਝ ਭੁਲਿਆ ਜਾਂਦਾ ਹੈ॥ ਸਾਡੇ ਦਿਲਾਂ ਵਿਚ ਅਜ ਪ੍ਰੇਮ ਉਛਾਲੇ ਮਾਰ ਰਿਹਾ ਹੈ, ਖੁਸ਼ੀਆਂ ਦੀਆਂ ਲੈਹਰਾਂ ਠਾਠਾਂ ਮਾਰ ਰਹੀਆਂ ਹਨ, ਅਤੇ ਸਾਡੇ ਜੀਵਨ ਵਿਚ ਅੱਜ ਇਕ ਐਸਾ ਸੁਭਾਗਾ ਦਿਵਸ ਹੈ ਜਦ ਅਸੀਂ ਸ੍ਰੀ ਹਜ਼ੂਰ ਜੀ ਦੇ ਚੌਕੇ (ਨਿਵਾਸ) ਵਿਚ ਚਰਨ ਪਰਸ ਨਮਸਕਾਰ

ਰੋ ਰਹੇ ਹਾਂ, ਅੰਤ ਵਿਚ ਸ੍ਰੀ ਹਜ਼ੂਰ ੧੦੮ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਨੂੰ ਤੇ ਪੂਜਯ ਸ੍ਰੀ ਜਗਤ ਮਾਤ ਜੀਵਨ ਕੌਰ ਜੀ ਅਤੇ ਹਜ਼ੂਰੀ ਕਾਰਜ ਸੰਗਤ ਏਥੇ ਪਧਾਰਨ ਦੀ ਖੁਸ਼ੀ ਵਿਚ ਬੜੇ ਪ੍ਰੇਮ ਅਤੇ ਚਾਉ ਨਾਲ ਜੀਉ ਆਇਆਂ ਆਖਦੇ ਹੋਏ ਬਿਨੈ ਕਰਦੇ ਹਾਂ :—

ਪਿਤ, ਮਾਤ, ਸਹਾਇਕ ਸ੍ਵਾਮੀ ਸਖਾ ਤੁਮਹੀ ਇਕ ਨਾਥ ਹਮਾਰੇ ਹੋ,
ਜਿਨਕੇ ਕੁਛ ਔਰ ਅਧਾਰ ਨਹੀਂ ਤਿਨਕੇ ਤੁਮਹੀ ਰਖਵਾਰੇ ਹੋ,
ਸੁਭ ਸ਼ਾਂਤ ਨਿਕੇਤਨ ਪ੍ਰੇਮ ਨਿਧੇ ਮਨ ਮੰਦਰ ਕੇ ਉਜਿਆਰੇ ਹੋ,
ਇਸ ਜੀਵਨ ਕੇ ਤੁਮ ਦਾਤੇ ਹੋ ਇਨ ਪ੍ਰਾਣਨ ਕੇ ਤੁਮ ਪਿਆਰੇ ਹੋ।
( ਇਕ ਹਿੰਦੀ ਕਵੀ

੨੭ ਪੋਹ ੧੯੮੯
10-1-1933

ਅਸੀਂ, ਹਾਂ ਆਪ ਜੀ ਦੇ ਚਰਨ ਸੇਵਕ,
ਨਾਮਧਾਰੀ ਕਵਿ ਮੰਡਲ ਚੀਚੋਂ (ਜ਼ਿਆਮ) ਦੇ
ਸਾਰੇ ਮੈਂਬਰ

ਨਾਮਧਾਰੀ ਸੰਗਤ ਵੱਲੋਂ ਪ੍ਰੇਮ ਭੇਟਾ

ਸਦਕੇ ਜੀਉ ਆਇਆਂ ਜਗਤ ਦਾਤਿਆ ਵੇ
ਭਾਗੀ ਭਰੇ ਦਿਹਾੜੇ ਦੀਦਾਰ ਹੋਇਆ
ਚਿਰੀ ਵਿਛੁੜੇ ਤੜਫਦੇ ਵਿਚ ਬ੍ਰਿਹੋਂ
ਵਿਪਤ ਮਿਟੀ ਦਿਲ ਤੇ ਸੀਨਾਂ ਠਾਰ ਹੋਇਆ
ਸੁਤੇ ਭਾਗ ਸਾਡੇ ਅਜ ਜਾਗ ਉਠੇ
ਰੁੜ੍ਹੇ ਜਾਂਦਿਆਂ ਦਾ ਬੇੜਾ ਪਾਰ ਹੋਇਆ
ਹਿਰਦੇ ਖਿਲੇ ਸਭਦੇ ਗਮੀ ਦੂਰ ਹੋ ਗਈ
ਪਾਪ ਤਾਪ ਝੜ ਗਏ ਹੌਲਾ ਭਾਰ ਹੋਇਆ
ਘੋਲੀ ਵਾਰਨੇਂ ਕਰੀਏ ਸਿਰ ਵਾਰਨੇਂ ਪੈ
ਖੁਸ਼ੀਆਂ ਵਿਚ ਨਾਂ ਫੁਲਿਆ ਸਮਾਏ ਸੀਨਾਂ
ਚਰਨੀ ਲਾਏ ਬਖਸ਼ੋ ਸਾਡੇ ਔਗੁਣਾਂ ਨੂੰ
ਬਾਝੁ ਆਪਦੇ ਹੋਇਆ ਦੁਸ਼ਵਾਰ ਜੀਨਾਂ

ਵਲੋਂ ਸੰਤ ਧਰਜ਼ਾਨ ਸਿੰਘ "ਇਨਸਾਫ਼"

ਵਾਲੀ ਦੋ ਜਹਾਨ ਦੇ ਹੈਂ ਪ੍ਰਿਤਪਾਲੀ ਜੀਅਨ ਦੇ,
ਰਮਦਾਨੀ ਬਾਗ ਗੁਰੂ ਬਾਲਕਦੇਂ ਨੇ ਲਾਏ ਨੇ!
ਪੂਰਨ ਅਵਤਾਰ ਕਰਨ ਪਾਰ ਭਉ ਸਾਗਰ ਚੋਂ,
ਮਾਨੋਂ ਸ੍ਰੀ ਵਿਸ਼ਨ ਬੀਰ ਕਲ ਪ੍ਰਗਟਾਏ ਨੇ!
ਚਾਰੇ ਕੂੰਟ ਚਰਨ ਪਾਏ ਤਾਰਨਾ ਜਹਾਨ ਸਾਰਾ,
ਸ਼ਹਰ ਬੱਲੋਕੇ ਨੂੰ ਭੀ ਆਨ ਭਾਗ ਲਾਏ ਨੇ!
ਨਸ ਗਏ ਕਲੇਸ਼ ਅਤੇ ਖੁਸ਼ੀਆਂ ਨੇ ਪਾਈਵੀ ਰੌਣਕ,
ਧੀਆ ਘਰ ਆਏ ਸਭੇ ਸੰਧੂ ਸੁਜਾਏ ਨੇ!
ਸੁਣੀ ਫਰਯਾਦ ਭਈ ਪੂਰਨ ਹੈ ਆਸ ਸਾਡੀ,
ਆਏ ਕੇ ਸਿਆਮ ਬੀਰ ਦਰਸ ਦਿਖਾਏ ਨੇ!
ਸ਼ਾਹਨ ਕੇ ਸ਼ਾਹ ਸਚੇ ਗੁਰੂ "ਪ੍ਰਤਾਪ" ਹਰੀ,
ਜਲੇ ਹੋਏ ਹਿਰਦਿਆਂ ਨੂੰ ਠੰਡ ਪਾਨ ਆਏ ਨੇ ॥

ਸ਼ਾਹਨ ਸ਼ਾਹ ਆਲੀ ਪ੍ਰਭੂ ਪੰਥ ਵਾਲੀ
ਵਾਲੀ ਦੋ ਜਹਾਨ ਸਰਕਾਰ ਸਾਡੀ
ਪੂਰਨ ਕਲਾ ਧਾਰੀ, ਭਾਰੀ ਤੇਜ ਵਾਲੇ
ਦੀਨਾ ਦੁਖੀਆਂ ਦੀ ਮਦਦਗਾਰ ਸਾਡੀ
ਜੀਅ ਜੰਤ ਮਾਲਕ ਪਾਲਕ ਸਰਬ ਪ੍ਰਿਥਵੀ
ਜਾਨੀ ਜਾਣ ਪੈ ਦੇਣ ਦੀਦਾਰ ਸਾਡੀ
ਬਾਣੀ ਬੀਸ ਕੁਲ ਨੂਰ ਭਰਪੂਰ ਦਾਤੇ
ਬੇੜੂ ਜਾਂਦਿਆਂ ਕਰਨ ਦਾ ਪਾਰ ਸਾਡੀ
ਭਾਗ ਜਿਨ ਵਿਛੋੜੇ ਵਿਛੋੜੇ ਖਿੰਚ ਤੋਂ ਸਾਂ
ਖਿੜੋ ਕੱਠਿਆਂ ਹੋਈ ਮੁਰਾਦ ਪੂਰਨ
"ਧੀਰ" ਵਿਛੜ ਮੁਰਝਾਏ ਮੁੜ ਜੀ ਉਠੇ
ਸੁਕੀ ਹੋਈ ਗੁਲਜ਼ਾਰ ਆਬਾਦ ਪੂਰਨ

ਦਾਸ-"ਧੀਰ" ਜੀ

ਵਲੋਂ ਕਰਪਾਲਸਿੰਘ "ਭਮਲੀ" ਵਰਨ

ਵਾਲੀ ਤੀਨ ਲੋਕ ਪਾਲੀ ਜੀਅਨ ਕੇ ਦਾਤੇ ਮਾਹੀ
ਮਾਲੀ ਫੁਲਵਾੜੀ ਸ੍ਰੀ ਗੁਰੂ ਦਸਮੇਸ ਕੇ
ਸ੍ਰੀ ਪਤ ਸ੍ਰੀ ਪੂਜਯ ਪੂਜੇ ਸਮ ਚੰਦ ਦੂਜ
ਮਾਲਕ ਹੈ ਗਾਦੀ ਗੁਰੂ ਰਾਮ ਮਿਰਗੇਸ ਕੇ
ਗੁਨਨ ਕੀ ਖਾਨ ਸੁਲਤਾਨ ਨਿਰਭੈ ਜੋਪੇ
ਸੇਵਕ ਬਰੀਆਜਾ ਹੈ ਕੇ ਗਾਲਕ ਕਲੇਸ਼ ਕੇ
"ਭਮਲੀ" ਅਨਾਥ ਨਾਥ ਕਰਨ ਸਨਾਥ ਆਏ
ਬਿਨੈ ਮਾਨ ਆਏ ਪ੍ਰਭੂ ਬੀਰ ਪ੍ਰਦੇਸ ਕੇ
ਜ਼ਾਹਿਰਾ ਜਹੂਰ ਜੋਤ ਸ੍ਰੀ ਗੁਰੂ ਪ੍ਰਤਾਪ ਹਰੀ
ਰੋਚਕ ਨਾਂ ਭੇਦ ਜਾਂਮੈਂ ਸ੍ਰੀ ਜਗਦੀਸ ਕੇ
ਗੁਰੂ ਅਨ ਸਿਰ ਗੁਰੂ ਸਚੇ ਪਾਤਸ਼ਾਹ ਜੀ ਕੇ
ਹਾਥ ਜੋਰ ਬੰਦਨਾਂ ਨਿਵਾਏ ਕਰ ਸੀਸ ਕੇ

ਵਲੋਂ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਕੈਨਨ ਸਿਆਨ
ਵਾਲੀ ਜਗਤ ਦੇ ਖਲਕ ਦੇ ਪ੍ਰਿਤ ਪਾਲਕ
ਮਾਲਕ ਦਿਲਾਂ ਦੇ ਦੁਖ ਮਿਟਾਨ ਵਾਲੇ
ਦੀਨ ਦੁਖੀ ਮਜਲੂਮਾਂ ਦੀ ਧੀਰ ਬਨਕੇ
ਜਨਮ ਜਨਮਾਂ ਦੇ ਪਾਪ ਮਿਟਾਨ ਵਾਲੇ
ਡੁਬੇ ਜਾਦਿਆਂ ਤੇ ਗੋਤੇ ਖਾਦਿਆਂ ਨੂੰ
ਬਾਹੋ ਫੜ ਕੇ ਪਾਰ ਲੰਘਾਨ ਵਾਲੇ
ਚਾਤ੍ਰਕ ਵਾਂਗ ਪਏ ਤ੍ਰਸਦੇ ਬੂੰਦ ਤਾਂਈ
ਦੇ ਕੇ ਦਰਸ ਤੇ ਪਿਆਸ ਬੁਝਾਨ ਵਾਲੇ
ਮੇਹਰ ਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ
ਕਲੂ ਕਾਲ ਅੰਦ੍ਰ ਸਤ ਜੁਗ ਲਾਨ ਵਾਲੇ
ਕਰਤਾਰ ਸਿੰਘ ਬਲਹਾਰ ਬਲਹਾਰ ਤੈਥੋਂ
ਜੀਆਂ ਭੁਲਿਆਂ ਨੂੰ ਰਾਹੇ ਪਾਨ ਵਾਲੇ

( ਵੱਲੋਂ ਸ੍ਰੀ ਮਾਨ ਸੰਤ ਤਖਤ ਸਿੰਘ ਜੀ "ਪ੍ਰੇਮੀ" )

ਜਾਂਹਿ ਕੇ ਦਰਸ ਹਿਤ ਧੀਰਜ ਸਮਾਧੀ ਲਾਏ,
ਜੋਗੀ ਜਤੀ ਰਿਖੀ ਮੁਨੀ ਆਰਜ਼ੂ ਧਰਾਏ ਹੈਂ ॥
ਜਾਂਕੀ ਪਰਭਾ ਦੇਖਤ ਹੀ ਸੂਰਜ ਸ਼ਸ਼ ਲਜਾਤ ਹੋਏ,
ਕਰਤ ਪ੍ਰਨਾਮ ਨਿਜ ਮਸਤਕ ਨਿਵਾਏ ਹੈਂ ॥
ਜਾਂਕੇ ਦੁਆਰੇ ਦੁਆਰਪਾਲ ਇੰਦ੍ਰ ਜਿਹੇ ਖੜੇ ਧਲੀ,
ਧ੍ਰੂ ਪ੍ਰਹਿਲਾਦ ਜੈਸੇ ਭਗਤ ਸਦਾਏ ਹੈਂ ॥
ਜਾਂਕੇ ਘਰੇ ਗਾਇਕ ਹਾਰੇ ਜੈਂਹ ਗੰਧਰਬ ਗਨ,
ਸਿਤਾ ਪੂਤ ਸ਼ੇਸ਼ ਜਾਂਕੀ ਕੀਰਤੀ ਕੋ ਗਾਏ ਹੈਂ ॥
ਜਾਂਹਿਕੀ ਬਡਾਈ ਹਿਤ ਬ੍ਰਹਮੇ ਚਾਰ ਬੇਦ ਰਚੇ,
ਦੇਵ ਰਾਜ ਸਾਜ ਕੇ ਸਮਾਜ ਸੁਖ ਪਾਏ ਹੈਂ ॥
ਮੂਰਤ ਅਕਾਲ ਸੋਈ ਗੁਰੂ ਪ੍ਰਤਾਪ ਹਰੀ,
ਦੇਖਨ ਦੀਦਾਰ ਨਿਜ ਸੇਵਕੋਂ ਕੋ ਆਏ ਹੈਂ ॥

ਵਲੋਂ ਸੰਤ ਕੋਮਲ ਸਿੰਘ ਸੇਠੀ

ਪੁਜੀ ਸਾਡੀ ਹੈ ਆਸ ਪ੍ਰੇਮੀਆਂ ਦੀ
ਸਾਡੇ ਸਤਿਗੁਰੂ ਦੇਣ ਦੀਦਾਰ ਆਏ
ਵਾਲੀ ਅਰਸ਼ ਦੇ ਜਗਤ ਦੇ ਤਾਰਨ ਨੂੰ
ਲੈਣ ਸੇਵਕਾਂ ਦੀ ਆਪ ਸਾਰ ਆਏ
ਖੁਸ਼ੀ ਵਿਚ ਨਾ ਫੁਲੇ ਸਮਾਂਵਦੇ ਹਾਂ
ਸ਼ਾਹਨ ਸ਼ਾਹ ਦਾਤਾਰ ਕਰਤਾਰ ਆਏ
ਚਿਰਾਂ ਚਿਰਾਂ ਦੇ ਵਿਛੜੇ ਮੇਲਣੇ ਨੂੰ
ਦਰਸ਼ਨ ਦੇ ਕੇ ਕਰਨ ਉਪਕਾਰ ਆਏ
ਹੱਥ ਜੋੜ ਕੇ ਚਰਨਾਂ ਤੇ ਸੀਸ ਧਰਕੇ
ਜੀਓ ਆਇਆਂ ਨੂੰ ਮੁੱਖੋਂ ਅਲਾਂਵਦੇ ਹਾਂ
ਧੰਨ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ
ਵਿਚ ਖੁਸ਼ੀ ਦੇ ਗੀਤ ਏਹ ਗਾਂਵਦੇ ਹਾਂ

(ਵੱਲੋਂ ਸ੍ਰੀ ਮਾਨ ਸੰਤ ਦਾਸ ਸਿੰਘ ਜੀ "ਤਾਂਘੀ" )

ਸ੍ਰੀ ਸਤਿਗੁਰੂ ਮਹਾਰਾਜ ਪ੍ਰਤਾਪ ਹਰੀ,
ਹਰੀ ਰੂਪ ਧਾਰ ਤੂੰਹੀ ਹਰੀ ਜਸ ਗਾਵੇਂ ਤੂੰਹੀ ॥
ਹਰੀ ਸੁਤ ਹਰੀ ਭ੍ਰਾਤ ਨਾਮ ਹਰੀ ਤਾਤ ਤੂੰ ਹੈ,
ਧਾਣੀ ਕੁਲ ਨੰਦ ਚੰਦ ਭਾਗ ਜਗਾਵੇਂ ਤੂੰਹੀ ॥
ਕਲੂਕਾਲ ਮਾਂਹਿ ਬਿਲਲਾਤੇ ਬਿਲਲਾਤੇ ਜੀਵ,
ਗਿਆਨ ਰੂਪੀ ਅੰਮ੍ਰਿਤ ਦਾਸ ਤਾਂਘੀ ਨੂੰ ਪਿਆਵੇਂ ਤੂੰਹੀ।
ਤਾਂਘੀ ਤੇ ਦਰਸ ਹਿਤ ਚਾਹਤ ਹੈਂ ਤੀਨ ਲੋਕ,
"ਤਾਂਘੀ" ਕਲੂਕਾਲ ਮਾਂਹਿ ਸਤਿਜੁਗ ਲਾਵੇਂ ਤੂੰਹੀ ॥

ਵਲੋਂ ਸੁੰਦਰ ਸਿੰਘ 'ਸੇਵਕ'

ਅਰਸ਼ ਕੁਰਸ਼ ਦਾ ਵਾਲੀ ਕਰਤਾਰ ਮੇਰਾ
ਸਿਆਮ ਦੇਸ਼ ਨੂੰ ਦੇਣ ਦੀਦਾਰ ਆਇਆ
ਜਿਸ ਦੀ ਚਾਂਦਨੀ ਚੰਦ ਨੂੰ ਮਾਤ ਕਰਦੀ
ਲਾਖਾਂ ਸੂਰਜਾਂ ਵਾਲਾ ਨਿਰੰਕਾਰ ਆਇਆ
ਤੇਤੀ ਕ੍ਰੋੜ ਜਿਸ ਦਰਸ ਨੂੰ ਤਰਸਦੇ ਨੇ
ਬੈਕੁੰਠ ਮੰਦਰ ਮੇਂ ਉਹ ਸਿਰਜਨਹਾਰ ਆਇਆ
ਮਾਏ ਭੀਲਨੀ ਨੂੰ ਦੇਣ ਦਰਸ ਆਇਆ
ਸ੍ਰੀ ਰਾਮ ਜੀ ਧਾਰ ਅਵਤਾਰ ਆਇਆ
ਅਜੂਨਾ ਸਾਰਾ ਹੈ ਇਵਰ ਦਾ ਧਾਨ ਆਇਆ
ਫੜ ਬੰਸਰੀ ਨੰਦ ਕੁਮਾਰ ਆਇਆ
ਸੋਲਾ ਕਲਾ ਸਪੂਰਨ ਨੇ ਆਏ ਸਤਿਗੁਰ
ਮੇਰ ਰਬ੍ਹਿਆਂ ਦਾ ਸੋਹਣਾ ਰਖਵਾਰ ਆਇਆ

## ਵਲੋਂ ਪ੍ਰੀਤਮ ਜੀ

ਵਿਸ਼ਨ ਅਵਤਾਰ ਕਰਤਾਰ 'ਪ੍ਰਤਾਪ' ਹਰਿ
ਛੀਰ ਸਿੰਧ ਤਜ ਆਏ ਤਾਰਨ ਖਲਕ ਵਿਚ
ਦੇਵੀ ਨਾਰਦ ਸਾਰਦ ਇੰਦ੍ਰ ਕੁਮੇਰ ਜਸ
ਹੋ ਗਏ ਲਟ ਬੌਰੇ ਵਿਸਮਾਦ ਇਕ ਝਲਕ ਵਿਚ
ਸੀਤਲ ਸੁਭਾਉ ਚੰਦ ਉਪਮਾ ਅਨੂਪ ਤਨ
ਠਗ ਚੋਰ ਪਾਪ ਤਾਪ ਨਾਸੇ ਇਕ ਪਲਕ ਵਿਚ
ਪਰਮ ਉਪਕਾਰੀ ਅਵਤਾਰੀ ਭਾਰੀ ਕਲਾ ਵਾਲੇ
ਦੁਖੀ ਦੀਨ ਮਜ਼ਲੂਮ ਤਾਰੇ ਇਕ ਛਲਕ ਵਿਚ
ਜਗਤ ਮਾਤ ਜੀਵਨ ਕੌਰ ਬਖਸ਼ ਦਿਤਾ ਜੀਵਨ ਆਕੇ
ਦੇਕੇ ਦਰਸ ਕਟ ਦਿਤੀ ਏ ਚੁਰਾਸੀ ਅਗ
ਉਠੋ ਵਡਭਾਗੋ ਜਾਗੋ ਭਾਗ ਆਨ ਤੁਸਾ ਕੇਰੇ
ਲਾਗੋ ਗੁਰਚਰਨ 'ਪ੍ਰੀਤਮ' ਜਾਂਹਿ ਦੁਖ ਨਾਸ ਭਜ

( ਰੌਲੋਂ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ "ਦਲੇਰ" )

ਸ੍ਰੀ ਗੁਰੂ ਪ੍ਰਤਾਪ ਰਵੀ ਜੈਸੋ ਪ੍ਰਤਾਪ ਤੇਰੋ,
ਤੀਨ ਲੋਕ ਜੱਸ ਤੇਰਾ ਨਿਤ ਪ੍ਰੀਤ ਗਾਵਤੇ ॥
ਸ਼ਰਨ ਜੋ ਆਪ ਜੁ ਕੀ ਤਿਨੋ ਜਮਕਾਲ ਚੂਕੀ,
ਭਵਜੱਲ ਕੀਤਾਰ ਪ੍ਰਭੂ ਕੀ ਚਰਨੋ ਜੋ ਧਿਆਵਤੇ ॥
ਭਏ ਵਡਭਾਗੀ ਲਾਗੀ ਚਰਨਨ ਸੇ ਪ੍ਰੀਤ ਜਾਂਕੀ,
ਝਾਂਕੀ ਸੀ ਮੂਰਤ ਜੋ ਹਿਰਦੈ ਮੇ ਬਸਾਵਤੇ ॥
ਨਾਸੇ ਤੀਨ ਤਾਪ ਸ੍ਰਾਪ ਪਾਪ ਸਭ ਦੂਰ ਹੋਏ,
ਹੋਇ ਨਿਰਮਾਨ ਜੋਗੀ ਠਾਕਰ ਸਦਾਵਤੇ ॥
ਰਾਜਨ ਕੇ ਰਾਜ ਮਹਾਰਾਜ ਚਲ ਆਏ ਆਜ,
ਰਾਖਨ ਕੋ ਲਾਜ ਬ੍ਰਿਧ ਪਾਲਕ ਸਦਾਇਕੇ ॥
ਕਹਿਤ "ਦਲੇਰ" ਐਸੇ ਸ੍ਰੀ ਪਤਿ ਸ੍ਰੀ ਜੂ ਕੇ,
ਪਕੜੋ ਪਗ ਹਾਥ ਜੋਰ ਸੀਸ ਕੋ ਨਿਵਾਇਕੇ ॥

(ਰਚਿਤ ਸ੍ਰੀ ਮਾਨ ਸੰਤ ਤੇਖਤ ਸਿੰਘ ਜੀ "ਕੋਮਲ")

ਦੀਨਾਂ ਦੁਖੀਆਂ ਦੇ ਦੁਖ ਹਰਨ ਖਾਤਰ,
ਦੀਨ ਦਿਆਲ ਆਇਆ ਪਰਵਰਦਗਾਰ ਆਜਾ ॥
ਕਾਰਨ ਅਸਾਂ ਦੇ ਕਸ਼ਟ ਸਹਾਰਨੇ ਦੇ,
ਗਲੇ ਲਾਣ ਖਾਤਰ ਪ੍ਰੇਮ ਜਨ ਹਾਰ ਆਜਾ ॥
ਪੰਥ ਭਾਗ ਜਾਗੇ ਅਜ ਖਾਲਸਾ ਜੀ,
ਦਇਆ ਧਾਰ ਸੱਚਾ ਨਿਰੰਕਾਰ ਆਜਾ ॥
ਮੋਹਣੀ ਮੂਰਤੀ ਚੰਦ ਨੂੰ ਮਾਤ ਕਰਦੀ,
ਚਕੋਰ ਸ਼ਾਹਿਬ ਨੂੰ ਦੇਣ ਦੀਦਾਰ ਆਜਾ ॥
ਸ਼ਾਹਿਨ ਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ,
ਮਹਿਮਾ ਆਪਦੀ ਦੂਣ ਸਵਾਈ ਹੋਵੇ ॥
"ਕੋਮਲ" ਖੁਸ਼ੀ ਦੇ ਵਿਚ ਨ ਮੇਵੰਦਾ ਏਂ,
ਸੱਚ ਸੰਗਤਾਂ ਤਾਈਂ ਵਧਾਈ ਹੋਵੇ ॥

# ਵੱਲੋਂ ਸੰਤ ਬਾਲ ਸਿੰਘ ਜੀ

ਵਾਹ ਵਾਹ ਮਦਨ ਮੋਨਹਰ ਮੂਰਤ
ਅਜਬ ਨੂਰਾਨੀ ਸੂਰਤ
ਅਰਸ਼ ਫਰਸ਼ ਪੈ ਸਦਕੇ ਜਾਵਨ
ਸਰਬ ਗੁਣਾਂ ਗੁਰ ਪੂਰਤ
ਜਗ ਤਾਰਨ ਨੂੰ ਪ੍ਰਗਟ ਹੋਈ
ਜਗ ਤੇ ਜੋਤ ਅਲਾਹੀ
ਬਾਣੀ ਬੀਸਆਨ ਹੈ ਤਾਰੀ
ਦੀਨ ਦੁਨੀ ਦੇ ਮਾਹੀ
ਅਮਰ ਹੋਇਆ ਦੁਖ ਖੋਇਆ ਸਗਲਾ
ਜਿਸਨੇ ਦਰਸ਼ਨ ਪਾਇਆ
ਚੂਕੀ ਕਾਣ ਜਮਾਂ ਦੀ ਸਿਰ ਤੋਂ
ਸੋਈ ਜਿਸ ਸੀਸ ਨਿਵਾਇਆ

ਵੱਲੋਂ ਸ੍ਰੀ ਮਾਨ ਸੰਤ ਦਰਸ਼ਨ ਸਿੰਘ ਜੀ "ਦਰਸ਼ਨ"

ਇਕ ਚੰਦ ਚਮਕੇ ਅਜੇ ਅਕਾਸ਼ ਅੰਦਰ,
ਨਜ਼ਰ ਜਿਸ ਵਿੱਚ ਆਉਂਦਾ ਦਾਗ ਹੈ ਵੇ ॥
ਦੂਜਾ ਚੰਦ ਜੋਵਾਨ ਹੈ ਤੁ ਹੈ ਚੜ੍ਹਿਆ,
ਜਿਨੇ ਸਿਆਮ ਦਾ ਦੇਸ ਚਮਕਾਇਆ ਭਾਗ ਹੈ ਵੇ ॥
ਆਏ ਸਿੱਖਾਂ ਨੂੰ ਤਾਰਨੇ ਨਾਮ ਦੇ ਕੇ,
ਕਟਨ ਭੀੜਾਂ ਦਾ ਆਯਾ ਵੈਰਾਗ ਹੈ ਵੇ ॥
ਨਹੀਂ ਤਾਂ ਕ੍ਰਿਸ਼ਨ ਹੈ ਧਾਰ ਅਵਤਾਰ ਆਯਾ,
ਆਇਆ ਬਿਦਰ ਦਾ ਸਾਗ ਨੂੰ ਖਾਣ ਹੈ ਵੇ ॥
ਗਦੀ ਗੁਰੂ ਨਾਨਕ ਜੀ ਦੇ ਆਏ ਵਾਲੀ,
ਹੱਥ ਜਿਨ੍ਹਾਂ ਦੇ ਸਿੱਖੀ ਦੀ ਵਾਗ ਹੈ ਵੇ ॥
"ਦਰਸ਼ਨ" ਤਿਨ ਚਰਨਾਂ ਦਾ ਤੂੰ ਹੀ ਬਨ ਭੌਰਾ,
ਖਿੜਿਆ ਤੇਰੇ ਅਗੇ ਕਮਲ ਬਾਗ ਹੈ ਵੇ ॥

# ਢੋਲੇ ਸੰਤ ਹਰੀ ਸਿੰਘ ਜੀ

ਰੁਤ ਹੈ ਸਰਦ ਤੇ ਸਰਦ ਕੀਤਾ ਸੀਨਿਆਂ ਨੂੰ
ਸ੍ਰੀ ਸਤਿਗੁਰੂ ਪ੍ਰਤਾਪ ਹਰੀ ਆਇ ਕੇ
ਧੰਨ ਓਹ ਰਾਹ ਧੰਨ ਗਡੀ ਤੇ ਜਹਾਜ਼ ਹੋਏ
ਜਿਨਾ ਉਤੋਂ ਬੈਠੇ ਗੁਰੂ ਚਰਨ ਟਿਕਾਇ ਕੇ
ਸਿਆਮ ਵਿਚ ਸੇਵਕਾਂ ਦਾ ਕਰਨ ਉਧਾਰ ਆਏ
ਭੀਲਨੀ ਨੂੰ ਤਾਰਾ ਜਿਵੇਂ ਦਰਸ਼ ਦਿਖਾਇ ਕੇ
ਪਥਰ ਦਿਲਾਂ ਦੇ ਤਾਂਈ ਤਾਰਨ ਸੁਮਤ ਦੇ ਕੇ
ਤਾਰਿਆ ਸਿਲਾ ਦੇ ਤਾਈ ਚਰਨ ਛੁਹਾਇ ਕੇ
ਦੂਰ ਅਗਿਆਨ ਕਰ ਦੇਣ ਗੇ ਗਿਆਨ ਗੁਰੂ
ਸਤਿਜੁਗ ਵਾਲਾ ਸੁਹਨਾ ਬਚਨ ਸੁਨਾਇ ਕੇ
ਹਰੀ ਸਿੰਘ ਵਾਲੀ ਆਸ ਪੂਰੀ ਹੋਈ ਦਰਸ਼ ਕਰ
ਗੁਰਾਂ ਅਗੇ ਕਰਾਂ ਨਮੋ ਸੀਸ ਕੋ ਨਿਵਾਇ ਕੇ

( ਵੱਲੋਂ ਸ੍ਰੀ ਮਾਨ ਸੰਤ ਪ੍ਰਤਾਪ ਸਿੰਘ ਜੀ "ਭੌਰਾ" )

ਤੇਰੇ ਸੇਵਕਾਂ ਨੇ ਜਦੋਂ ਯਾਦ ਕੀਤਾ,
ਬੁਧ ਰੂਪ ਹੋਏ ਸਿਆਮ ਸਿਧਾਰਿਆ ਸਾਂਈ ॥
ਫੇਰ ਹੋਏ ਨਾਨਕ ਮਾਲਾ ਲੈ ਹੱਥ ਵਿਚ,
ਨਾਲ ਲੈ ਮਰਦਾਨਾ ਭ੍ਰਮਾਇਆ ਸਾਂਈ ॥
ਸਤਨਾਮ ਦਾ ਕਰ ਉਪਦੇਸ਼ ਸੋਹੇ,
ਪਾਪ ਜੜ੍ਹਾਂ ਤੋਂ ਪੱਟ ਉਖਾੜਿਆਂ ਸਾਂਈਂ ॥
ਬਨ ਰਾਮ ਸਿੰਘ ਪ੍ਰਦੇਸ ਆਇਓਂ,
ਵਾੜੀ ਨਾਨਕ ਦੀ ਆਨ ਸਵਾਰਿਆ ਸਾਂਈ ॥
ਵਾਰੀਆ ਗਈ ਹਰੀ ਪ੍ਰਤਾਪ ਤੇ ਹੀ,
ਦਿਤਾ ਸੰਗਤ ਤਾਂਈ ਦੀਦਾਰ ਪ੍ਰੀਤਮ ॥
"ਭੌਰਾ" ਭੌਰ ਵਾਂਗੂੰ ਚਰਨਾਂ ਤੇਰਿਆਂ ਤੇ,
ਹਥ ਜੋੜ ਕੇ ਕਰੇ ਗੁਜ਼ਾਰ ਪ੍ਰੀਤਮ ॥

( ਵੱਲੋਂ ਦੀਵਾਨ ਸੰਤ ਗੁਰਚਰਨ ਸਿੰਘ ਜੀ "ਚਰਨ"

ਜਿਵੇਂ ਚੰਦ ਨੂੰ ਵੇਖ ਚਕੋਰ ਵਿਗਸੇ,
ਸੂਰਜ ਵੇਖ ਕੇ ਕੰਵਲ ਖਿੜ ਆਉਂਦਾ ਹੈ ॥
ਸ੍ਵਾਂਤੀ ਬੂੰਦ ਪਪੀਹਾ ਪਾ ਸ਼ਾਂਤ ਹੁੰਦਾ,
ਮੋਰ ਵੇਖ ਬਾਦਲ ਪੈਲ ਪਾਉਂਦਾ ਹੈ ॥
ਰੰਕ ਰਾਜ ਪਾਕੇ ਜਿਵੇਂ ਮਸਤ ਹੁੰਦਾ,
ਜਾਮੇ ਵਿਚ ਨਾ ਫੁਲਾ ਸਮਾਉਂਦਾ ਹੈ ॥
ਖਿੜੇ ਕੰਵਲ ਨੂੰ ਵੇਖਕੇ ਜਿਵੇਂ ਭੌਰਾ,
ਸੁਧ ਤਨ ਦੀ ਭੀ ਭੁਲ ਜਾਉਂਦਾ ਹੈ ॥
ਗੋਦੀ ਮਾਤ ਦੀ ਵਿਚ ਜਿਉਂ ਖੁਸ਼ੀ ਬਾਲਕ,
ਪੀ ਕੇ ਖੀਰ ਜਿਉਂ ਚਿਤ ਹੁਲਸਾਉਂਦਾ ਹੈ ॥
ਖੁਸ਼ੀ ਸਿੱਖ ਤਿਉਂ ਗੁਰਾਂ ਦਾ ਦਰਸ ਕਰਕੇ,
"ਚਰਨ" ਧੂੜ ਜੱਦ ਮੱਥੇ ਤੇ ਲਾਉਂਦਾ ਹੈ ॥

ਵਲੋ ਸੁਰਜੀਤ ਸਿੰਘ ਜੀ - ਚੈਕਾਂ ਚੀਮਾਂ

ਓਹੀ ਜੋਤ ਪ੍ਰਗਟ ਹੋ ਆਈ ਗੁਰ ਆਦਿ ਵਾਲੀ
ਬਾਰਹਵਾਂ ਜਾਮਾਂ ਧਾਰੀ ਬੈਸ ਅਵਤਾਰ ਜੀ
ਨਾਮ ਉਪਦੇਸ਼ ਦੇ ਕੇ ਜੀਆਂ ਦਾ ਉਧਾਰ ਕੀਤਾ
ਸਤਗੁਰੂ ਰਾਮ ਸਿੰਘ ਆਣ ਕੇ ਸੰਸਾਰ ਜੀ
ਓਹੀ ਜੋਤ ਓਹੀ ਰੂਪ ਮੰਨ ਕੇ ਵਿਨੈ ਸਾਡੀ
ਤਾਰਨੇ ਬੇਕੋਕ ਹਿਤ ਆਏ ਕਰਤਾਰ ਜੀ
ਖ਼ੁਸ਼ੀ ਵਾਲਾ ਦਿਨ ਅਜ ਆਇਆ ਏ ਸੁਭਾਗਾ ਬੜਾ
ਸ੍ਰੀ ਗੁਰੂ ਪ੍ਰਤਾਪ ਸਿੰਘ ਆਏ ਬਖਸ਼ਨਹਾਰ ਜੀ
ਧੰਨ ਭਾਗ ਸਾਡੇ ਅਜ ਜਗਤ ਮਾਤ ਦੇ ਦਰਸ਼ਨ
ਵਧਾਈ ਹੀ ਵਧਾਈ ਸਾਰੇ ਰਲ ਆਜ ਗਾਨ ਜੀ
ਦਾਸ ਸੁਰਜੀਤ ਸਿੰਘ ਮੰਗੇ ਗੁਰ ਚਰਨ ਰੇਣ
ਜਿਸ ਚਰਣ ਰੇਨ ਤਾਂਈ ਦੇਵਤੇ ਤਰਸਾਨ ਜੀ

ਵਲੋਂ ਨਰੈਣ ਸਿੰਘ "ਚਾਤ੍ਰਕ"

ਜਾਏ ਹੀ ਭੰਡੋਲ ਵਿਚ ਕੀਰਤੀ ਜਿਹ ਦੈਸ਼ ਰਹੀ
ਆਇਆ ਭੰਡੋਲ ਵਿਚ ਅਣਖ ਗਾਹੁ ਜਾਂਦਾ ਹੈ
ਭਾਰਾ ਹੈ ਜਮਈਆ ਤੇ ਰਮੀਆ ਹੈ ਮਾਲਾ ਜੀਹਾ
ਸੰਗਤ ਮੇਂ ਜੋਹੇ ਤੈਸੇ ਵਾਨ ਜ਼ਮਕਾਰਾ ਹੈ
ਜ਼ਮਕਾਰਾ ਹੈ ਭਾਨ ਜੈਸਾ ਅੰਧਰ ਦਰਤਾਏ ਸੀਤ
ਸੀਤਲ ਸੁਭਾਓ "ਪੂਰਨ" ਬਣ ਆਧਾਰਾ ਹੈ
ਕੀਤੀ ਮੇਹਰ ਮੇਹਰਬਾਨ ਤਾਂਹੀ ਜਾਨ ਸੁਖ ਖਾਨ
"ਚਾਤ੍ਰਕ" ਪ੍ਰੇਮ ਵਿਚ ਰੀਆ ਆ ਰੀਰਾਰਾ ਹੈ

ਜਿਨ੍ਹਾਂ ਦੀ ਉਡੀਕਾਂ ਵਿਚ ਸਧਰਾਂ ਅਪਾਰ ਸਭ
ਅਜ ਦਾ ਦਿਦਾਰ ਕਰੇ ਮੁਦਤਾਂ ਦੀਆਂ ਭਾਲਦੇ
ਨਮੋ ਨਮੋ ਬੰਦਨਾ ਮੈਂ ਕਰਾਂ ਹੱਥ ਜੋੜ ਜੋੜ
ਚਰਨ ਫੜ ਮਾਤਾ ਜੀਵਨ ਕੌਰ ਜੀ ਦੇ ਲਾਲ ਦੇ

ਅ- ਸਮਰਥਤਾ

ਸਮੇਂ ਦੀ ਤੰਗੀ ਕਰਕੇ ਅਸੀਂ ਪਰੂਫ ਨਾ ਵੇਖ
ਸਕੇ ਇਸ ਲਈ ਬਹੁਤ ਸਾਰੀ ਅਸ਼ੁਧ ਛਪਾਈ
ਹੋ ਗਈ ਹੋਵੇਗੀ ਪਾਠਕ ਜਨ ਸੋਧ ਕੇ ਪੜ੍ਹਨ.

(ਪ੍ਰਕਾਸ਼ਕ)